# Seminar on Personality Development 28.3.2019



## Seminar on Personality Development
## NSS Department
## March 28, 2019

The N.S.S. department of Nehru Memorial Govt. College Mansa conducted a seminar on the subject of personality development on 28 March 2019. Ashok Sadiora addressed the youth as keynote speaker. He shared his life experiences and motivated the youth to set their goals of life and work hard to succeed in every aspect of life. Prof. Seema Jindal, Prof. Supandeep Kaur, Prof. Ravinder Singh, Prof. Kuldeep Singh Dhillon encouraged the students to work hard. On this occasion, 10 teachers and near about 50 students were involved.

Principal
Nehru Memorial Govt. College
Mansa

# ਜਗ ਬਾਣੀ

# ਮਿਹਨਤ ਤੇ ਲਗਨ ਨਾਲ ਹਰ ਮੰਜ਼ਿਲ ਸਰ ਕੀਤੀ ਜਾ ਸਕਦੀ ਹੈ : ਅਸ਼ੋਕ ਸਦਿਓੜਾ

ਮਾਨਸਾ, 28 ਮਾਰਚ (ਮਨਜੀਤ ਕੌਰ)-ਜੇਕਰ ਵਿਅਕਤੀ ਦੇ ਅੰਦਰ ਕਿਸੇ ਕੰਮ 'ਚ ਸਫਲਤਾ ਪ੍ਰਾਪਤ ਕਰਨ ਦਾ ਜਨੂੰਨ ਹੋਵੇ ਤਾਂ ਉਹ ਹਰ ਮੰਜ਼ਿਲ ਸਰ ਕਰ ਸਕਦਾ ਹੈ। ਇਹ ਸ਼ਬਦ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਪ੍ਰਿੰਸੀਪਲ ਜਯੋਤੀ ਪ੍ਰਕਾਸ਼ ਦੀ ਰਹਿਨੁਮਾਈ ਹੇਠ ਐੱਨ. ਐੱਸ. ਐੱਸ. ਵਿਭਾਗ ਵੱਲੋਂ ਸ਼ਖਸੀਅਤ ਵਿਕਾਸ ਵਿਸ਼ੇ 'ਤੇ ਕਰਵਾਏ ਸੈਮੀਨਾਰ ਦੌਰਾਨ ਬੁਲਾਰਿਆਂ ਨੇ ਵਿਚਾਰ ਸਾਂਝੇ ਕਰਦਿਆਂ ਕਹੇ। ਮੁੱਖ ਵਕਤਾ ਅਸ਼ੋਕ ਸਦਿਓੜਾ ਨੇ ਆਪਣੀ ਜ਼ਿੰਦਗੀ ਦੇ ਤਜਰਬੇ ਸਾਂਝੇ ਕਰਦਿਆਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਜੇਕਰ ਉਹ ਆਪਣਾ ਟੀਚਾ ਮਿੱਥ ਕੇ ਉਸ ਲਈ ਸਿਰ ਤੋੜ ਮਿਹਨਤ ਕਰਨ ਤਾਂ ਉਹ ਹਰ ਅਸੰਭਵ ਕੰਮ ਨੂੰ ਸੰਭਵ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਮੌਜੂਦ ਤੇਜ਼ ਤਰਾਰ ਜ਼ਮਾਨੇ ਵਿਚ ਸਮੇਂ ਦਾ ਹਾਣੀ ਬਣਨ ਲਈ ਵਿਦਿਆਰਥੀਆਂ ਨੂੰ ਵੱਖ-ਵੱਖ ਕੌਸ਼ਲ ਸਿੱਖਣੇ ਚਾਹੀਦੇ ਹਨ।

ਉਨ੍ਹਾਂ ਭਾਸ਼ਾਵਾਂ ਦੇ ਮਹੱਤਵ ਬਾਰੇ ਦੱਸਿਆ ਕਿ ਛੋਟੀ ਉਮਰ ਦੇ ਬੱਚਿਆਂ ਲਈ ਮਾਤ-ਭਾਸ਼ਾ ਵਧੇਰੇ ਲਾਜ਼ਮੀ ਹੈ



ਸੈਮੀਨਾਰ ਨੂੰ ਸੰਬੋਧਨ ਕਰਦੇ ਬੁਲਾਰੇ (ਹੇਠਾਂ) ਹਾਜ਼ਰੀਨ (ਮਨਜੀਤ ਕੌਰ)

ਪਰ ਆਰਥਿਕ ਖੇਤਰ ਵਿਚ ਅੱਗੇ ਵਧਣ ਲਈ ਹੋਰ ਭਾਸ਼ਾਵਾਂ ਦਾ ਗਿਆਨ ਹੋਣਾ ਵੀ ਜ਼ਰੂਰੀ ਹੈ। ਵਿਦਿਆਰਥੀਆਂ ਵੱਲੋਂ ਅੰਗਰੇਜ਼ੀ ਭਾਸ਼ਾ ਨੂੰ ਬੋਲਣ ਅਤੇ ਲਿਖਣ ਸਮੇਂ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਸਵਾਲਾਂ ਦੇ ਜਵਾਬ ਦਿੰਦਿਆਂ ਅਸ਼ੋਕ ਸਦਿਓੜਾ ਨੇ ਸਿੱਖਣ ਦੀ ਇੱਛਾ ਅਤੇ ਅਭਿਆਸ 'ਤੇ ਜ਼ੋਰ ਦਿੱਤਾ। ਐੱਨ. ਐੱਸ. ਐੱਸ. ਵਿਭਾਗ ਦੇ ਪ੍ਰੋਗਰਾਮ ਅਫਸਰ ਪ੍ਰੋ. ਰਵਿੰਦਰ ਸਿੰਘ ਨੇ ਕਿਹਾ ਕਿ ਸ਼ਖਸੀਅਤ ਕੋਈ ਵਿਰਾਸਤ ਨਹੀਂ ਹੈ ਸਗੋਂ ਵਿਅਕਤੀ ਵੱਖ-ਵੱਖ ਕੌਸ਼ਲਾਂ ਅਤੇ ਸਮਾਜ ਵਿਚ ਵਿਚਰਦਿਆਂ ਇਸਦਾ ਵਿਕਾਸ ਕਰ ਸਕਦਾ ਹੈ। ਪ੍ਰੋ. ਸੀਮਾ ਜਿੰਦਲ ਨੇ ਉਸਾਰੂ ਸ਼ਖਸੀਅਤ ਲਈ ਪ੍ਰੇਰਿਤ ਕਰਦੀਆਂ ਆਪਣੀਆਂ ਕਵਿਤਾਵਾਂ ਦਾ ਪਾਠ ਕੀਤਾ।

ਪ੍ਰੋ. ਸੁਖਨਦੀਪ ਕੌਰ ਨੇ ਅਸ਼ੋਕ ਸਦਿਓੜਾ ਦੀਆਂ ਕਾਲਜ ਸਮੇਂ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਤੰਗੀਆਂ ਤੁਰਸ਼ੀਆਂ ਸਹਿ ਕੇ ਇਹ ਮੁਕਾਮ ਹਾਸਲ ਕੀਤਾ ਹੈ। ਪ੍ਰੋਗਰਾਮ ਅਫਸਰ ਪ੍ਰੋ. ਕੁਲਦੀਪ ਸਿੰਘ ਢਿੱਲੋਂ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਭਵਿੱਖ ਵਿਚ ਵੀ ਅਜਿਹੇ ਸੈਮੀਨਾਰ ਕਰਵਾਉਣ ਲਈ ਕਿਹਾ। ਸੰਬੋਧਨ ਅਤੇ ਸ਼ਾਮਲ ਹੋਣ ਵਾਲਿਆਂ ਵਿਚ ਪ੍ਰੋ. ਕੁਲਦੀਪ ਚੌਹਾਨ, ਪ੍ਰੋ. ਆਸ਼ੂ ਗਰਗ ਅਤੇ ਪ੍ਰੋ. ਜੋਤੀ ਸਨ।